ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ

# ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ
# ਅਕਸਰ ਪੁੱਛੇ ਜਾਣ ਵਾਲੇ ਸਵਾਲ

***1. ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਕੀ ਹੈ?***

ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ("ਫੰਡ") ਦੀ ਸਥਾਪਨਾ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ (ਕੈਪ 365) ਦੇ ਅਧੀਨ ਕੀਤੀ ਗਈ ਹੈ ਅਤੇ ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ ("ਬੋਰਡ") ਦੁਆਰਾ ਪ੍ਰਬੰਧਤ ਹੈ। ਇਹ ਫੰਡ ਮੁੱਖ ਤੌਰ 'ਤੇ ਕਰਮਚਾਰੀ ਮੁਆਵਜ਼ਾ ਬੀਮਾ ਲਗਾਨ ਆਰਡੀਨੈਂਸ (ਕੈਪ. 411) ਦੇ ਅਧੀਨ ਮਾਲਕਾਂ ਦੁਆਰਾ ਅਦਾ ਕੀਤੇ ਜਾਂਦੇ ਇੱਕ ਲਗਾਨ ਦੁਆਰਾ ਵਿੱਤ ਕੀਤਾ ਜਾਂਦਾ ਹੈ ਜਦੋਂ ਉਹ ਕਰਮਚਾਰੀਆਂ ਦੇ ਮੁਆਵਜ਼ਾ ਬੀਮਾ ਕਵਰ ਨੂੰ ਸੁਰੱਖਿਅਤ ਕਰਦੇ ਹਨ।

***2. ਫੰਡ ਤੋਂ ਕਿਸ ਕਿਸਮ ਦੀ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ?***

ਜ਼ਖਮੀ ਕਰਮਚਾਰੀ ਜਾਂ ਮ੍ਰਿਤਕ ਕਰਮਚਾਰੀਆਂ ਦੇ ਯੋਗ ਪਰਿਵਾਰਕ ਮੈਂਬਰ ਜੋ ਕਰਮਚਾਰੀਆਂ ਦਾ ਮੁਆਵਜ਼ਾ ਜਾਂ ਆਮ ਕਾਨੂੰਨੀ ਮੁਆਵਜ਼ਾ ਪ੍ਰਾਪਤ ਨਹੀਂ ਕਰ ਪਾਉਂਦੇ ਜਿਸਦੇ ਲਈ ਮਾਲਕ ਦੁਆਰਾ ਵਸੂਲੀ ਦੇ ਸਾਰੇ ਕਾਨੂੰਨੀ ਅਤੇ ਵਿੱਤੀ ਤੌਰ 'ਤੇ ਵਿਵਹਾਰਕ ਸਾਧਨਾਂ ਨੂੰ ਖਤਮ ਕਰਨ ਤੋਂ ਬਾਅਦ ਮਾਲਕ (ਜਾਂ ਬੀਮਾ ਕਰਨ ਵਾਲਾ) ਜਿੰਮੇਵਾਰ ਹੈ, ਸਬੰਧਤ ਸਹਾਇਤਾ ਲਈ ਫੰਡ ਵਿਚ ਅਰਜ਼ੀ ਦੇ ਸਕਦੇ ਹਨ। ਫੰਡ ਤੋਂ ਸਹਾਇਤਾ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਉਪਲਬਧ ਹਨ:

(a) ਕਰਮਚਾਰੀਆਂ ਦੇ ਮੁਆਵਜ਼ੇ ਦੇ ਆਰਡੀਨੈਂਸ (ਕੈਪ.282) ਅਤੇ ਇਸ ਨਾਲ ਜੁੜੇ ਹਿੱਤਾਂ ਦੁਆਰਾ ਕੰਮ ਨਾਲ ਸਬੰਧਤ ਸੱਟਾਂ ਜਾਂ ਦੁਰਘਟਨਾ ਦੇ ਕਾਰਨ ਮੌਤਾਂ ਲਈ ਗੈਰ ਭੁਗਤਾਨ ਕੀਤਾ ਕਰਮਚਾਰੀਆਂ ਦਾ ਮੁਆਵਜ਼ਾ;

(b) ਕਰਮਚਾਰੀਆਂ ਦੇ ਮੁਆਵਜ਼ੇ ਦਾ ਦਾਅਵਾ ਕਰਨ ਲਈ ਕਾਨੂੰਨੀ ਕਾਰਵਾਈਆਂ ਵਿਚ ਹੋਏ ਖਰਚੇ; ਅਤੇ

(c) ਅਜਿਹੀਆਂ ਸੱਟਾਂ ਜਾਂ ਜਾਨੀ ਨੁਕਸਾਨ ਦੇ ਸੰਬੰਧ ਵਿੱਚ ਗੈਰ-ਭੁਗਤਾਨ ਆਮ ਕਾਨੂੰਨ ਅਨੁਸਾਰ, ਰਾਹਤ ਅਦਾਇਗੀਆਂ ਦੇ ਰੂਪ ਵਿੱਚ ਭੁਗਤਾਨ ਯੋਗ ਹਨ।

***3. ਕਿਹੜੇ ਹਾਲਾਤਾਂ ਵਿੱਚ ਇੱਕ ਜ਼ਖਮੀ ਕਰਮਚਾਰੀ ਫੰਡ ਤੋਂ ਸਹਾਇਤਾ ਲਈ ਬੇਨਤੀ ਕਰ ਸਕਦਾ ਹੈ?***

ਕਰਮਚਾਰੀ ਮੁਆਵਜ਼ਾ ਆਰਡੀਨੈਂਸ ਅਤੇ / ਜਾਂ ਆਮ ਕਾਨੂੰਨੀ ਨੁਕਸਾਨਾਂ ਅਧੀਨ ਜ਼ਖਮੀ ਕਰਮਚਾਰੀਆਂ ਜਾਂ ਯੋਗ ਵਿਅਕਤੀਆਂ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਦਾ ਭੁਗਤਾਨ ਕਰਨ ਦੀ ਪਹਿਲੀ ਜ਼ਿੰਮੇਵਾਰੀ ਮਾਲਕਾਂ ਦੀ ਹੁੰਦੀ ਹੈ।ਜੇ ਅਦਾਲਤ ਕਰਮਚਾਰੀਆਂ ਦੇ ਮੁਆਵਜ਼ੇ / ਨੁਕਸਾਨਾਂ ਦੀ ਮਾਲਕ ਦੁਆਰਾ ਭੁਗਤਾਨ ਯੋਗ ਇੱਕ ਰਕਮ ਦਾ ਫੈਸਲਾ ਕਰਦੀ ਹੈ, ਪਰ ਮਾਲਕ ਕੋਲ ਆਪਣੀ ਜ਼ਿੰਮੇਵਾਰੀ ਅਤੇ ਡਿਫਾਲਟ ਭੁਗਤਾਨ ਨੂੰ ਪੂਰਾ ਕਰਨ ਲਈ ਇੱਕ ਯੋਗ ਬੀਮਾ ਪਾਲਿਸੀ ਨਹੀਂ ਹੈ, ਤਾਂ ਬਿਨੈਕਾਰ ਨੂੰ ਮਾਲਕ ਦੇ ਵਿਰੁੱਧ ਦੀਵਾਲੀਆਪਨ / ਵਾਈਂਡਿੰਗ-ਅਪ ਆਰਡਰ ਲਈ ਅਰਜ਼ੀ ਦੇ ਕੇ ਮਾਲਕ ਦੁਆਰਾ ਦਿੱਤੀ ਰਕਮ ਦੀ ਵਸੂਲੀ ਲਈ ਅਦਾਲਤ ਦੇ ਆਦੇਸ਼ ਨੂੰ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ਖਮੀ ਕਰਮਚਾਰੀਆਂ ਜਾਂ ਯੋਗ ਵਿਅਕਤੀਆਂ ਲਈ ਜਿਨ੍ਹਾਂ ਨੇ ਆਪਣੇ ਮਾਲਕਾਂ ਦੇ ਵਿਰੁੱਧ ਜ਼ਿੰਮੇਵਾਰੀ ਅਤੇ ਕਰਮਚਾਰੀਆਂ ਦੇ ਮੁਆਵਜ਼ੇ / ਨੁਕਸਾਨਾਂ ਦੇ ਆਪਣੇ ਦਾਅਵਿਆਂ ਦੀ ਮਾਤਰਾ ਨਿਰਧਾਰਤ ਕੀਤੀ ਹੈ ਪਰ ਵਸੂਲੀ ਦੇ ਸਾਰੇ ਕਾਨੂੰਨੀ ਅਤੇ ਵਿੱਤੀ ਤੌਰ 'ਤੇ ਵਿਵਹਾਰਕ ਸਾਧਨਾਂ ਨੂੰ ਖਤਮ ਕਰਨ ਤੋਂ ਬਾਅਦ ਉਨ੍ਹਾਂ ਤੋਂ ਆਪਣੀ ਵਸੂਲੀ ਕਰਨ ਵਿਚ ਅਸਮਰਥ ਹਨ, ਉਹ ਗੈਰ ਭੁਗਤਾਨ ਕੀਤੀ ਰਕਮ ਲਈ ਫੰਡ ਤੋਂ ਸਹਾਇਤਾ ਲਈ ਬੇਨਤੀ ਕਰ ਸਕਦੇ ਹਨ।

***4. ਫੰਡ ਤੋਂ ਸਹਾਇਤਾ ਲਈ ਅਰਜ਼ੀ ਦੇਣ ਦੇ ਆਪਣੇ ਅਧਿਕਾਰ ਨੂੰ ਕਾਇਮ ਰੱਖਣ ਲਈ, ਕਰਮਚਾਰੀਆਂ ਦੇ ਮੁਆਵਜ਼ੇ ਜਾਂ ਮਾਲਕ ਦੇ ਵਿਰੁੱਧ ਨੁਕਸਾਨ ਦਾ ਦਾਅਵਾ ਕਰਨ ਵੇਲੇ ਇੱਕ ਜ਼ਖਮੀ ਕਰਮਚਾਰੀ ਨੂੰ ਕਿਸ ਬਾਰੇ ਜਾਣੂ ਹੋਣਾ ਚਾਹੀਦਾ ਹੈ?***

ਜ਼ਖਮੀ ਕਰਮਚਾਰੀ ਜਾਂ ਯੋਗ ਵਿਅਕਤੀ ਜ਼ਿਲ੍ਹਾ ਅਦਾਲਤ ਵਿੱਚ ਕਰਮਚਾਰੀਆਂ ਦੇ ਮੁਆਵਜ਼ੇ ਅਤੇ / ਜਾਂ ਜ਼ਿਲ੍ਹਾ ਅਦਾਲਤ ਜਾਂ ਹਾਈ ਕੋਰਟ ਵਿੱਚ ਇੱਕ ਰਿੱਟ ਦੁਆਰਾ ਨੁਕਸਾਨਾਂ ਦਾ ਦਾਅਵਾ ਕਰਦਿਆਂ ਕਾਰਵਾਈ ਸ਼ੁਰੂ ਕਰਨਗੇ। **ਕਰਮਚਾਰੀ ਮੁਆਵਜ਼ਾ ਸਹਾਇਤਾ**

**ਆਰਡੀਨੈਂਸ ਦੀ ਧਾਰਾ 25B(1) ਦੇ ਤਹਿਤ, ਇੱਕ ਵਿਅਕਤੀ ਜੋ ਕਰਮਚਾਰੀਆਂ ਦੇ ਮੁਆਵਜ਼ੇ ਜਾਂ ਨੁਕਸਾਨਾਂ ਦੇ ਦਾਅਵੇ ਦੇ ਸੰਬੰਧ ਵਿੱਚ ਕਾਰਵਾਈ ਸ਼ੁਰੂ ਕਰਦਾ ਹੈ, ਉਹ ਬੋਰਡ ਅਤੇ ਬੀਮਾਕਰਤਾ (ਜੇ ਲਾਗੂ ਹੁੰਦਾ ਹੈ) ਤੇ ਕਾਰਵਾਈ ਦਾ ਨੋਟਿਸ ਦੇਵੇਗਾ।** ਇਹ ਨੋਟਿਸ ਜਿਸ ਤਾਰੀਖ 'ਤੇ ਕਰਮਚਾਰੀਆਂ ਦੀ ਮੁਆਵਜ਼ਾ ਅਰਜ਼ੀ ਜਾਂ ਰਿੱਟ ਕੋਰਟ ਵਿਚ ਦਾਇਰ ਕੀਤਾ ਗਿਆ ਹੈ, ਤੋਂ 30 ਦਿਨਾਂ ਦੇ ਅੰਦਰ ਬੋਰਡ ਵਿਚ ਰਜਿਸਟਰਡ ਡਾਕ ਦੁਆਰਾ ਦਿੱਤਾ ਜਾਵੇਗਾ। ਵਿਅਕਤੀ ਦੁਆਰਾ ਦਸਤਖਤ ਕੀਤੇ ਅਤੇ ਕਰਮਚਾਰੀਆਂ ਦੀ ਮੁਆਵਜ਼ਾ ਅਰਜ਼ੀ ਜਾਂ ਰਿੱਟ ਦੀ ਇਕ ਕਾੱਪੀ ਦੇ ਨਾਲ, ਇਸ ਤਰ੍ਹਾਂ ਦਾ ਨੋਟਿਸ ਬੋਰਡ ਦੁਆਰਾ ਦਿੱਤੇ ਫਾਰਮ ਵਿਚ ਲਿਖਤੀ ਤੌਰ 'ਤੇ ਦਿੱਤਾ ਜਾਵੇਗਾ। ਕਰਮਚਾਰੀਆਂ ਦੀ ਮੁਆਵਜ਼ਾ ਕਾਰਵਾਈਆਂ ਅਤੇ ਨੁਕਸਾਨ ਦੀਆਂ ਕਾਰਵਾਈਆਂ ਦੇ ਸੰਬੰਧ ਵਿਚ ਵੱਖਰੇ ਨੋਟਿਸ ਬੋਰਡ ਵਿਚ ਪੇਸ਼ ਕੀਤੇ ਜਾਣ ਦੀ ਜ਼ਰੂਰਤ ਹੋਵੇਗੀ। **ਕੋਈ ਵੀ ਵਿਅਕਤੀ ਜੋ ਕਾਨੂੰਨੀ 30-ਦਿਨਾਂ ਦੀ ਮਿਆਦ ਦੇ ਅੰਦਰ ਬੋਰਡ ਨੂੰ ਲੋੜੀਂਦੇ ਨੋਟਿਸਾਂ ਦੀ ਪੂਰਤੀ ਕਰਨ ਵਿੱਚ ਅਸਫਲ ਰਹਿੰਦਾ ਹੈ, ਉਹ ਫੰਡ ਤੋਂ ਕਿਸੇ ਸਹਾਇਕ ਭੁਗਤਾਨ ਦਾ ਹੱਕਦਾਰ ਨਹੀਂ** ਹੋਵੇਗਾ। ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 25B (2) ਦੇ ਤਹਿਤ, ਇਹ ਸਿਰਫ ਵਿਸ਼ੇਸ਼ ਹਾਲਾਤਾਂ ਵਿਚ ਹੀ ਹੁੰਦਾ ਹੈ ਜਦੋਂ ਬਿਨੈਕਾਰ ਬੋਰਡ ਨੂੰ ਉਚਿਤ ਕਾਰਨ ਦੇਕੇ ਲਿਖਤੀ ਤੌਰ 'ਤੇ ਸੰਤੁਸ਼ਟ ਕਰ ਸਕਦਾ ਹੈ, ਕਿ ਕਿਉਂ ਉਹ ਨਿਰਧਾਰਤ ਅਵਧੀ ਦੇ ਅੰਦਰ ਬੋਰਡ 'ਤੇ ਕਾਰਵਾਈ ਕਰਨ ਦਾ ਨੋਟਿਸ ਦੇਣ ਵਿਚ ਅਸਫਲ ਰਿਹਾ ਹੈ ਤਾਂ ਫਿਰ ਬੋਰਡ ਉਕਤ ਨੋਟੀਫਿਕੇਸ਼ਨ ਅਵਧੀ ਵਧਾਉਣ ਬਾਰੇ ਵਿਚਾਰ ਕਰ ਸਕਦਾ ਹੈ।

ਅਦਾਲਤ ਵਿਚ ਕਰਮਚਾਰੀਆਂ ਦੇ ਮੁਆਵਜ਼ੇ ਅਤੇ / ਜਾਂ ਨੁਕਸਾਨਾਂ ਲਈ ਕਾਰਵਾਈ ਕਰਨ ਵਿਚ ਤਕਨੀਕੀ ਕਾਨੂੰਨੀ ਗਿਆਨ ਅਤੇ ਅਦਾਲਤੀ ਕਾਰਵਾਈਆਂ ਸ਼ਾਮਲ ਹੋ ਸਕਦੀਆਂ ਹਨ। ਕਿਸੇ ਦੇ ਹਿੱਤ ਦੀ ਰਾਖੀ ਲਈ, ਦਾਅਵੇਦਾਰ ਨੂੰ ਕਾਨੂੰਨੀ ਪੇਸ਼ੇ ਤੋਂ ਸਲਾਹ ਲੈਣੀ ਚਾਹੀਦੀ ਹੈ, ਅਤੇ ਸੂਝ ਬੂਝ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕਿਸੇ ਵਕੀਲ ਨੂੰ ਉਸ ਦੇ ਆਪਣੇ ਖਰਚਿਆਂ 'ਤੇ ਜਾਂ ਕਾਨੂੰਨੀ ਸਹਾਇਤਾ ਦੁਆਰਾ ਨਿਰਦੇਸ਼ ਦੇਣਾ ਵਾਜਬ ਹੈ।

### 5. *"ਰਾਹਤ ਅਦਾਇਗੀ" ਕੀ ਹੈ?*

ਇੱਕ ਜ਼ਖਮੀ ਕਰਮਚਾਰੀ ਜਿਸਨੂੰ ਅਦਾਲਤ ਦੁਆਰਾ ਆਮ ਕਾਨੂੰਨੀ ਨੁਕਸਾਨਾਂ ਦੀ ਰਾਸ਼ੀ ਦਿੱਤੀ ਗਈ ਹੈ ਅਤੇ ਫੰਡ ਤੋਂ ਸਹਾਇਤਾ ਲਈ ਆਪਣੀ ਅਰਜ਼ੀ ਵਿੱਚ ਸਫਲ ਹੁੰਦਾ ਹੈ, ਉਸਨੂੰ ਬਦਲੇ ਵਿੱਚ "ਰਾਹਤ ਅਦਾਇਗੀ" ਦਿੱਤੀ ਜਾਵੇਗੀ। ਰਾਹਤ ਅਦਾਇਗੀ ਅਦਾਲਤੀ ਫੈਸਲੇ ਵਿਚ ਦਿੱਤੇ ਨੁਕਸਾਨ ਦੀ ਕੁੱਲ ਰਕਮ ਤੋਂ ਵੱਧ ਨਹੀਂ ਹੋਵੇਗੀ ਅਤੇ ਨੁਕਸਾਨਾਂ ਦੇ ਸੰਬੰਧ ਵਿਚ ਕਾਰਵਾਈਆਂ ਤੋਂ ਹੋਣ ਵਾਲੇ ਅਜਿਹੇ ਨੁਕਸਾਨਾਂ ਅਤੇ ਖਰਚਿਆਂ 'ਤੇ ਕੋਈ ਵਿਆਜ਼ ਨਹੀਂ ਲਗਾਇਆ ਜਾਵੇਗਾ। ਜਿੱਥੇ ਰਾਹਤ ਅਦਾਇਗੀ ਦੀ ਰਕਮ $6 ਮਿਲੀਅਨ ਤੋਂ ਵੱਧ ਨਹੀਂ ਹੁੰਦੀ, ਇਸ ਦਾ ਪੂਰਾ ਭੁਗਤਾਨ ਇਕਮੁਸ਼ਤ ਰਕਮ ਵਿਚ ਕੀਤਾ ਜਾਵੇਗਾ। ਜੇ ਇਹ $6 ਮਿਲੀਅਨ ਤੋਂ ਵੱਧ ਹੈ, ਤਾਂ ਸ਼ੁਰੂਆਤ ਵਿਚ $6 ਮਿਲੀਅਨ ਦਾ ਭੁਗਤਾਨ ਕੀਤਾ ਜਾਵੇਗਾ ਅਤੇ ਫਿਰ ਹਾਦਸੇ ਦੇ ਸਮੇਂ ਕਰਮਚਾਰੀ ਦੀ ਮਹੀਨਾਵਾਰ ਕਮਾਈ ਜਾਂ $40,000 ਜੋ ਵੀ ਹੈ ਵੱਧ ਹੈ, (ਉਹ ਕਰਮਚਾਰੀ ਜੋ ਅਪਾਹਿਜ਼ ਜਾਂ ਅਧਰੰਗ ਤੋਂ ਪੀੜਤ ਹੈ ਅਤੇ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੇ ਅਧੀਨ ਇੱਕ "ਗੰਭੀਰ ਰੂਪ ਨਾਲ ਜ਼ਖਮੀ ਸਬੰਧਤ ਯੋਗ ਵਿਅਕਤੀ" ਵਜੋਂ ਜਾਣਿਆ ਜਾਂਦਾ ਹੈ, ਨੂੰ $40,000 ਦਾ ਵਾਧੂ ਭੁਗਤਾਨ ਨਿਰਧਾਰਤ ਮਾਸਿਕ ਭੁਗਤਾਨ(ਵਾਧੂ)), ਦੇ ਹਿਸਾਬ ਨਾਲ ਮਹੀਨੇਵਾਰ ਭੁਗਤਾਨ ਕੀਤਾ ਜਾਵੇਗਾ, ਜਦ ਤੱਕ ਅਦਾਲਤੀ ਫੈਸਲੇ ਦੀ ਕੁੱਲ ਰਕਮ ਦਾ ਭੁਗਤਾਨ ਨਹੀਂ ਹੋ ਜਾਂਦਾ।

### 6. *ਬਿਨੈ-ਪੱਤਰ ਕਰਨ ਲਈ ਲੋੜੀਂਦੇ ਦਸਤਾਵੇਜ਼ ਕਿਹੜੇ ਹਨ?*

ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 16 ਦੇ ਅਧੀਨ ਗੈਰ-ਭੁਗਤਾਨ ਕਰਮਚਾਰੀਆਂ ਦੇ ਮੁਆਵਜ਼ੇ ਦੀ ਅਰਜ਼ੀ ਲਈ, ਬਿਨੈਕਾਰ ਹੇਠ ਲਿਖੀਆਂ ਕਾਪੀਆਂ ਪ੍ਰਦਾਨ ਕਰੇਗਾ:

(a) ਹਾਂਗ ਕਾਂਗ ਵਿੱਚ ਸਮਰੱਥ ਅਧਿਕਾਰ ਖੇਤਰ ਦੀ ਅਦਾਲਤ ਦਾ ਫੈਸਲਾ ਜਾਂ ਹੁਕਮ;

(b) ਮੁਆਵਜ਼ਾ ਮੁਲਾਂਕਣ, ਡਾਕਟਰੀ ਖਰਚੇ ਅਤੇ ਮ੍ਰਿਤਕ ਕਰਮਚਾਰੀ ਦੇ ਅੰਤਮ ਸੰਸਕਾਰ ਦੇ ਖਰਚਿਆਂ ਦੀ ਅਦਾਇਗੀ ਆਦਿ ਦੇ ਸਬੰਧ ਵਿੱਚ ਲੇਬਰ ਕਮਿਸ਼ਨਰ ਦੁਆਰਾ ਜਾਰੀ ਕੀਤੇ ਗਏ ਸਰਟੀਫਿਕੇਟ(ਟਾਂ); ਅਤੇ

(c) ਹੋਰ ਦਸਤਾਵੇਜ਼ ਜੋ ਬੋਰਡ ਨੂੰ ਇਸਦੀ ਜਾਂਚ ਕਰਨ ਵਿਚ ਸਹਾਇਤਾ ਕਰ ਸਕਦੇ ਹਨ।

ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 20A ਦੇ ਤਹਿਤ ਗੈਰ-ਭੁਗਤਾਨ ਆਮ ਕਾਨੂੰਨੀ ਨੁਕਸਾਨਾਂ ਸੰਬੰਧੀ ਰਾਹਤ ਅਦਾਇਗੀ ਦੀ ਅਰਜ਼ੀ ਲਈ, ਬਿਨੈਕਾਰ ਹੇਠ ਲਿਖੀਆਂ ਕਾਪੀਆਂ ਪ੍ਰਦਾਨ ਕਰੇਗਾ

(a) ਹਾਂਗ ਕਾਂਗ ਵਿੱਚ ਸਮਰੱਥ ਅਧਿਕਾਰ ਖੇਤਰ ਦੀ ਅਦਾਲਤ ਦਾ ਫੈਸਲਾ ਜਾਂ ਹੁਕਮ; ਅਤੇ

(b) ਹੋਰ ਦਸਤਾਵੇਜ਼ ਜੋ ਬੋਰਡ ਨੂੰ ਇਸਦੀ ਜਾਂਚ ਕਰਨ ਵਿਚ ਸਹਾਇਤਾ ਕਰ ਸਕਦੇ ਹਨ।

### 7. *ਇੱਕ ਅਰਜ਼ੀ ਜਮ੍ਹਾਂ ਕਰਨ ਤੋਂ ਬਾਅਦ ਕਿਹੜੀਆਂ ਅਗਲੀਆਂ ਕਾਰਵਾਈਆਂ ਕਰਨ ਦੀ ਜ਼ਰੂਰਤ ਹੈ?*

ਬਿਨੈ-ਪੱਤਰ ਪ੍ਰਾਪਤ ਹੋਣ 'ਤੇ, ਬੋਰਡ ਅਜਿਹੀ ਪੁੱਛਗਿੱਛ ਕਰੇਗਾ, ਉਹ ਜਿਸ ਨੂੰ ਨਿਸ਼ਚਤ ਕਰਨਾ ਜ਼ਰੂਰੀ ਸਮਝਦਾ ਹੈ। ਹਰ ਬਿਨੈਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੋਰਡ ਦੀ ਸਹਾਇਤਾ ਕਰੇ ਅਤੇ ਬੋਰਡ ਦੁਆਰਾ ਨਿਰਧਾਰਤ ਸਮੇਂ ਦੇ ਅੰਦਰ ਅਜਿਹੀ ਜਾਣਕਾਰੀ ਪ੍ਰਦਾਨ ਕਰੇ। ਇਸ ਵਿਚ ਅਸਫਲ ਹੋਣ ਤੇ, ਬੋਰਡ ਇਹ ਨਿਰਧਾਰਤ ਕਰ ਸਕਦਾ ਹੈ ਕਿ ਬਿਨੈਕਾਰ ਫੰਡ ਵਿਚੋਂ ਕਿਸੇ ਅਦਾਇਗੀ ਦਾ ਹੱਕਦਾਰ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਬੋਰਡ ਮਾਲਕ, ਬੀਮਾਕਰਤਾ ਅਤੇ ਬਿਨੈ-ਪੱਤਰ ਨਾਲ ਜੁੜੇ ਕਿਸੇ ਹੋਰ ਵਿਅਕਤੀ ਤੋਂ ਅਜਿਹੀ ਪੁੱਛਗਿੱਛ ਜਾਂ ਅਜਿਹੀ ਜਾਣਕਾਰੀ ਲੈ ਸਕਦਾ ਹੈ ਜੋ ਬੋਰਡ ਜ਼ਰੂਰੀ ਸਮਝਦਾ ਹੈ।

### 8. *ਕਿਹੜੇ ਹਾਲਾਤਾਂ ਵਿੱਚ ਮਾਲਕ ਨੂੰ ਫੰਡ ਬੋਰਡ ਨੂੰ ਸਰਚਾਰਜ ਅਦਾ ਕਰਨਾ ਪੈਂਦਾ ਹੈ?*

ਕਰਮਚਾਰੀ ਮੁਆਵਜ਼ਾ ਆਰਡੀਨੈਂਸ ਦੀ ਧਾਰਾ 40(1) ਦੇ ਅਨੁਸਾਰ, ਸਾਰੇ ਮਾਲਕਾਂ ਨੂੰ ਆਪਣੇ ਸਾਰੇ ਕਰਮਚਾਰੀਆਂ ਲਈ, ਆਰਡੀਨੈਂਸ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਅਤੇ ਕੰਮ ਤੇ ਸੱਟਾਂ ਲੱਗਣ ਲਈ ਆਮ ਕਾਨੂੰਨ ਅਨੁਸਾਰ ਕਰਮਚਾਰੀਆਂ ਦੀ ਮੁਆਵਜ਼ਾ ਬੀਮਾ ਪਾਲਸੀਆਂ ਲੈਣਾ ਜ਼ਰੂਰੀ ਹੈ। ਇੱਕ ਮਾਲਕ ਜੋ ਇਸਦਾ ਪਾਲਣ ਕਰਨ ਵਿੱਚ ਅਸਫਲ ਰਹਿੰਦਾ ਹੈ, ਉਹ ਇੱਕ ਜੁਰਮ ਕਰਦਾ ਹੈ ਅਤੇ ਵੱਧ ਤੋਂ ਵੱਧ $100,000 ਦਾ ਜ਼ੁਰਮਾਨਾ ਅਤੇ ਦੋ ਸਾਲ ਦੀ ਕੈਦ ਦੀ ਸਜ਼ਾ ਦੇ ਲਈ ਜ਼ਿੰਮੇਵਾਰ ਹੁੰਦਾ ਹੈ।

ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 36A ਦੇ ਤਹਿਤ, ਇਕ ਮਾਲਕ ਜੋ ਉਪਰੋਕਤ ਅਪਰਾਧ ਦੀ ਉਲੰਘਣਾ ਕਰਦਾ ਹੈ, ਉਹ ਕਰਮਚਾਰੀ ਮੁਆਵਜ਼ਾ ਸਹਾਇਤਾ ਫੰਡ ਬੋਰਡ ਨੂੰ ਸਰਚਾਰਜ ਅਦਾ ਕਰਨ ਲਈ ਵੀ ਜ਼ਿੰਮੇਵਾਰ ਹੈ। ਬੋਰਡ ਮਾਲਕ ਨੂੰ ਲਿਖਤੀ ਨੋਟਿਸ ("ਡਿਮਾਂਡ ਨੋਟਿਸ") ਦੇਵੇਗਾ, ਜਿਸ ਵਿੱਚ ਸਰਚਾਰਜ ਦੀ ਰਕਮ, ਉਸ ਦੇ ਅਧਾਰ ਅਤੇ ਉਹ ਅਵਧੀ ਜਿਸ ਦੇ ਅੰਦਰ ਮਾਲਕ ਸਰਚਾਰਜ ਅਦਾ ਕਰੇਗਾ, ਦੀ ਸੂਚਨਾ ਦੇਵੇਗਾ।

### 9. *ਕਰਮਚਾਰੀ ਮੁਆਵਜ਼ਾ ਆਰਡੀਨੈਂਸ ਦੀ ਧਾਰਾ 40 (1) ਦੀ ਉਲੰਘਣਾ ਕਰਨ ਵਾਲੇ ਮਾਲਕ ਦੁਆਰਾ ਭੁਗਤਾਨ ਯੋਗ ਸਰਚਾਰਜ ਦੀ ਰਕਮ ਕਿੰਨੀ ਹੈ?*

ਇੱਕ ਮਾਲਕ ਦੁਆਰਾ ਭੁਗਤਾਨ ਯੋਗ ਸਰਚਾਰਜ ਦੀ ਰਕਮ ਭੁਗਤਾਨ ਕੀਤੇ ਬੀਮਾ ਪ੍ਰੀਮੀਅਮ 'ਤੇ ਕਰਮਚਾਰੀ ਮੁਆਵਜ਼ਾ ਬੀਮਾ ਲਗਾਨ ਆਰਡੀਨੈਂਸ ਦੇ ਅਧੀਨ ਭੁਗਤਾਨ ਯੋਗ ਲਗਾਨ ਨਾਲੋਂ ਤਿੰਨ ਗੁਣਾ ਹੈ।

ਜਿੱਥੇ ਕਿਸੇ ਮਾਲਕ ਦੁਆਰਾ ਕਰਮਚਾਰੀ ਮੁਆਵਜ਼ਾ ਆਰਡੀਨੈਂਸ ਦੀ ਧਾਰਾ 40(1) ਦੀ ਉਲੰਘਣਾ ਕੀਤੀ ਗਈ ਹੈ ਅਤੇ ਬੋਰਡ ਦੁਆਰਾ ਪਹਿਲੀ ਉਲੰਘਣਾ ਲਈ ਡਿਮਾਂਡ ਨੋਟਿਸ ਦੀ ਸੇਵਾ ਤੋਂ 24 ਮਹੀਨਿਆਂ ਦੇ ਅੰਦਰ, ਫਿਰ ਧਾਰਾ 40(1) ("ਦੂਜੀ ਉਲੰਘਣਾ") ਦੀ ਉਲੰਘਣਾ ਕੀਤੀ ਗਈ ਹੈ, ਦੂਜੀ ਉਲੰਘਣਾ ਦੇ ਸੰਬੰਧ ਵਿੱਚ ਮਾਲਕ ਦੁਆਰਾ ਅਦਾ ਕੀਤੇ ਜਾਣ ਵਾਲੇ ਸਰਚਾਰਜ ਦੀ ਰਕਮ ਦੀ ਗਣਨਾ ਸਰਚਾਰਜ ਦੇ ਦੋ ਗੁਣਾ ਹੋਣੀ ਚਾਹੀਦੀ ਹੈ ਜਿਵੇਂ ਕਿ ਇਹ ਪਹਿਲਾ ਉਲੰਘਣਾ ਹੈ (ਭਾਵ, ਭੁਗਤਾਨ ਯੋਗ ਲੇਵੀ x 3 ਗੁਣਾ x 2 ਗੁਣਾ)।

ਵਿਸ਼ੇਸ਼ ਹਾਲਾਤਾਂ ਵਿੱਚ, ਮਾਲਕਾਂ ਨੂੰ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਅਨੁਸੂਚੀ 4 ਵਿੱਚ ਨਿਰਧਾਰਤ ਰਕਮ ਤੇ ਇੱਕ ਸਰਚਾਰਜ ਅਦਾ ਕਰਨਾ ਪੈਂਦਾ ਹੈ:

*ਸ਼੍ਰੇਣੀ ਇੱਕ*

ਬੋਰਡ ਇੱਕ ਲਿਖਤੀ ਨੋਟਿਸ ਦੁਆਰਾ ਮਾਲਕ ਨੂੰ ਇੱਕ ਨਿਰਧਾਰਤ ਅਵਧੀ ਦੀ ਜਾਣਕਾਰੀ ਦੇਵੇਗਾ ਜੋ ਬੋਰਡ ਨੂੰ ਮਾਲਕ ਦੁਆਰਾ ਭੁਗਤਾਨ ਯੋਗ ਸਰਚਾਰਜ ਦੀ ਰਕਮ ਨਿਰਧਾਰਤ ਕਰਨ ਦੇ ਯੋਗ ਬਣਾਉਂਦਾ ਹੈ। ਜੇ ਮਾਲਕ ਲੋੜੀਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਵਿਚ ਅਸਫਲ ਰਹਿੰਦਾ ਹੈ ਅਤੇ ਬੋਰਡ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਅਸਮਰੱਥ ਹੈ, ਤਾਂ ਮਾਲਕ ਬੋਰਡ ਨੂੰ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 36A (3)(a) ਦੇ ਅਨੁਸਾਰ $10,000 ਦੀ ਨਿਰਧਾਰਤ ਰਕਮ 'ਤੇ

ਸਰਚਾਰਜ ਅਦਾ ਕਰਨ ਲਈ ਜ਼ਿੰਮੇਵਾਰ ਹੈ; ਅਤੇ

*ਸ਼੍ਰੇਣੀ ਦੂਜੀ*

ਜਿੱਥੇ ਇਕ ਮਾਲਕ ਜਿਸ ਨੇ ਕਰਮਚਾਰੀਆਂ ਦੀ ਮੁਆਵਜ਼ਾ ਬੀਮਾ ਪਾਲਸੀ ਲੈਣ ਵਿਚ ਅਸਫਲ ਰਹਿਣ ਵਿਚ ਕਰਮਚਾਰੀ ਮੁਆਵਜ਼ਾ ਆਰਡੀਨੈਂਸ ਦੀ ਧਾਰਾ 40(1) ਦੀ ਉਲੰਘਣਾ ਕੀਤੀ ਹੈ, ਖਾਸ ਕਾਰਨਾਂ ਕਰਕੇ ਆਖਰਕਾਰ ਬੀਮਾ ਪਾਲਿਸੀ ਲੈ ਕੇ ਉਲੰਘਣਾ ਨੂੰ ਖਤਮ ਕਰਨ ਲਈ ਧਾਰਾ 40(1) ਦੀ ਪਾਲਣਾ ਕਰਨ ਦੀ ਲੋੜ ਨਹੀਂ ਹੈ, (ਉਦਾਹਰਣ ਵਜੋਂ ਕੰਮ ਬੰਦ ਹੋਣਾ, ਹੁਣ ਕਿਸੇ ਵੀ ਰੁਜ਼ਗਾਰ ਵਿਚ ਕਿਸੇ ਵੀ ਕਰਮਚਾਰੀ ਨੂੰ ਲਗਾਉਣ ਦੀ ਜ਼ਰੂਰਤ ਨਹੀਂ ਹੈ, ਆਦਿ), ਮਾਲਕ ਦੁਆਰਾ ਭੁਗਤਾਨ ਯੋਗ ਸਰਚਾਰਜ ਦੀ ਰਕਮ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 36A (3)(b) ਦੇ ਅਨੁਸਾਰ $ 5,000 ਦੀ ਨਿਰਧਾਰਤ ਰਕਮ ਹੈ।

### *10. ਸਮੀਖਿਆ ਲਈ ਅਰਜ਼ੀ ਕਿਵੇਂ ਦੇਣੀ ਹੈ ਜਾਂ ਭੁਗਤਾਨ ਯੋਗ ਸਰਚਾਰਜ ਦੀ ਰਕਮ ਦੇ ਵਿਰੁੱਧ ਅਪੀਲ ਕਿਵੇਂ ਦਰਜ ਕਰਨੀ ਹੈ?*

ਇੱਕ ਮਾਲਕ ਲਿਖਤੀ ਨੋਟਿਸ ਦੁਆਰਾ ਬੋਰਡ ਨੂੰ ਡਿਮਾਂਡ ਨੋਟਿਸ ਵਿੱਚ ਨਿਰਧਾਰਤ ਅਵਧੀ ਦੇ ਅੰਦਰ ਸਰਚਾਰਜ ਦੀ ਰਕਮ ਜਾਂ ਸਰਚਾਰਜ ਲਗਾਉਣ ਦੇ ਅਧਾਰ ਦੀ ਸਮੀਖਿਆ ਕਰਨ ਲਈ ਬੇਨਤੀ ਕਰ ਸਕਦਾ ਹੈ। ਬੋਰਡ ਬੇਨਤੀ ਅਨੁਸਾਰ ਸਮੀਖਿਆ ਕਰੇਗਾ ਅਤੇ ਮਾਲਕ ਨੂੰ ਸਮੀਖਿਆ ਦੇ ਨਤੀਜੇ ਦੀ ਸੂਚਨਾ ਦੇਣ ਲਈ ਇੱਕ ਲਿਖਤੀ ਨੋਟਿਸ ਜਾਰੀ ਕਰੇਗਾ। ਇੱਕ ਮਾਲਕ ਜੋ ਸਮੀਖਿਆ ਬਾਰੇ ਬੋਰਡ ਦੁਆਰਾ ਨਿਰਧਾਰਤ ਫੈਸਲੇ ਤੋਂ ਸੰਤੁਸ਼ਟ ਨਹੀਂ ਹੁੰਦਾ ਉਹ ਜ਼ਿਲ੍ਹਾ ਅਦਾਲਤ ਵਿਚ ਅਪੀਲ ਕਰ ਸਕਦਾ ਹੈ।

### *11. ਕਿਹੜੇ ਹਾਲਾਤਾਂ ਵਿੱਚ ਮਾਲਕ ਨੂੰ ਸਰਚਾਰਜ ਅਦਾ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ ਜਾਂ ਸਰਚਾਰਜ ਦੀ ਰਕਮ ਨੂੰ ਘਟਾਇਆ ਜਾ ਸਕਦਾ ਹੈ?*

ਬੋਰਡ ਨੂੰ ਸਰਚਾਰਜ ਦੇ ਕਿਸੇ ਵੀ ਭੁਗਤਾਨ ਨੂੰ ਮੁਆਫ ਕਰਨ ਜਾਂ ਇਸਦੀ ਰਕਮ ਘਟਾਉਣ ਦਾ ਅਧਿਕਾਰ ਨਹੀਂ ਹੈ। ਜਦ ਤੱਕ ਦੋਸ਼ੀ ਠਹਿਰਾਇਆ ਮਾਲਕ ਸਿੱਧ ਦੋਸ਼ ਨੂੰ ਬਦਲਣ ਵਿਚ ਅਦਾਲਤ ਨੂੰ ਯਕੀਨ ਦਿਵਾਉਣ ਦੇ ਯੋਗ ਨਹੀਂ ਹੁੰਦਾ, ਉਦੋਂ ਤੱਕ ਉਹ ਕਾਨੂੰਨੀ ਤੌਰ 'ਤੇ ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਦੀ ਧਾਰਾ 36A ਦੇ ਅਨੁਸਾਰ ਫੰਡ ਬੋਰਡ ਨੂੰ ਸਰਚਾਰਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ।

### *12. ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?*

ਕਰਮਚਾਰੀ ਮੁਆਵਜ਼ਾ ਸਹਾਇਤਾ ਆਰਡੀਨੈਂਸ ਨਾਲ ਸਬੰਧਤ ਪੁੱਛ-ਗਿੱਛ ਬੋਰਡ ਦੇ ਸਕੱਤਰੇਤ ਨੂੰ ਕੀਤੀ ਜਾ ਸਕਦੀ ਹੈ:


| | |
|---|---|
| ਪਤਾ: | 33/F, Morrison Plaza, 9 Morrison Hill Road, Wanchai, Hong Kong<br>(MTR ਕਾਜ਼ਵੇ ਬੇ ਸਟੇਸਨ ਐਗਜ਼ਿਟ A, ਰਸਲ ਸਟ੍ਰੀਟ ਅਤੇ ਵਾਨ ਚਾਈ ਰੋਡ ਦੁਆਰਾ ਹੁੰਦੇ ਹੋਏ ਤਿਨ ਲੋਕ ਲੇਨ ਤੱਕ ਜਾਓ) |
| ਟੈਲੀ : | 2116 5684 |
| ਫੈਕਸ: | 2109 0310 |
| ਈਮੇਲ: | contact@ecafb.org.hk |
| ਹੋਮਪੇਜ: | http://www.ecafb.org.hk |


### ਨੋਟ ਕਰਨ ਲਈ ਪੁਆਇੰਟ

ਹਾਲਾਂਕਿ ਇਸ ਸੂਚਨਾ ਨੋਟ ਨੂੰ ਤਿਆਰ ਕਰਨ ਵਿਚ ਹਰ ਇਕ ਸਾਵਧਾਨੀ ਦੀ ਵਰਤੋਂ ਕੀਤੀ ਗਈ ਹੈ, ਪਰ ਆਰਡੀਨੈਂਸਾਂ ਵਿਚ ਵਰਣਨ ਕੀਤੇ ਗਏ ਕਾਨੂੰਨਾਂ ਦੀਆਂ ਧਾਰਾਵਾਂ ਦਾ ਇਕਲੌਤਾ ਅਧਿਕਾਰ ਹੈ। ਆਰਡੀਨੈਂਸ ਦਾ ਪੂਰਾ ਪਾਠ ਨਿਆਂ ਵਿਭਾਗ ਦੇ ਦੋਭਾਸ਼ੀ ਕਾਨੂੰਨਾਂ ਦੀ ਜਾਣਕਾਰੀ ਪ੍ਰਣਾਲੀ (http://www.elegislation.gov.hk) 'ਤੇ ਅਪਲੋਡ ਕਰ ਦਿੱਤਾ ਗਿਆ ਹੈ।

*ver.2021*